بِسْمِ اللّٰهِ الرَّحْمٰنِ الرَّحِيْمِ نَحْمَدُهٗ وَنُصَلِّيْ عَلٰى رَسُوْلِهِ الْكَرِيْمِ وَعَلٰى عَبْدِهِ الْمَسِيْحِ الْمَوْعُوْدِ
لَا اِلٰهَ اِلَّا اللّٰهُ مُحَمَّدٌ رَّسُوْلُ اللّٰهِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਦੀ ਰੌਸ਼ਨੀ ਵਿੱਚ ਦੁਆ ਦੀ ਹਕੀਕਤ, ਹਿਕਮਤ, ਕਬੂਲੀਅਤ ਅਤੇ ਫ਼ਲਾਸਫ਼ੀ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮਾਅ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 29 ਮਾਰਚ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ●

وَإِذَا سَأَلَكَ عِبَادِيْ عَنِّيْ فَإِنِّيْ قَرِيْبٌ أُجِيْبُ دَعْوَةَ الدَّاعِ إِذَا دَعَانِ فَلْيَسْتَجِيْبُوْا لِيْ وَلْيُؤْمِنُوْا بِيْ لَعَلَّهُمْ يَرْشُدُوْنَ ●

ਤਸ਼ਹੁੱਦ, ਤਾਉਜ਼, ਸੂਰਤੁੱਲ ਫ਼ਾਤਿਹਾ ਅਤੇ ਸੂਰਤੁੱਲ ਬਕਰਹ ਦੀ ਆਇਤ ਨੰਬਰ 187 ਦੀ ਤਿਲਾਵਤ ਦੇ ਬਾਦ ਇਸ ਆਇਤ ਦਾ ਅਨੁਵਾਦ ਪੇਸ਼ ਕਰਦੇ ਹੋਏ ਹਜ਼ੂਰੇ ਅਨਵਰ ਨੇ ਫ਼ਰਮਾਇਆ :

'' ਅਤੇ (ਹੇ ਰਸੂਲ !) ਮੇਰੇ ਭਗਤ-ਜਨ ਜੱਦ ਤੇਰੇ ਪਾਸੋਂ ਮੇਰੇ ਬਾਰੇ ਪੁੱਛ ਕਰਨ, ਤਾਂ (ਤੂੰ ਉਹਨਾਂ ਨੂੰ ਇਹ ਉੱਤਰ ਦੇ ਕਿ) ਮੈਂ (ਉਹਨਾਂ ਦੇ) ਅੰਗ-ਸੰਗ (ਹੀ) ਹਾਂ। ਜੱਦ ਕੋਈ ਦੁਆ ਕਰਨ ਵਾਲਾ ਦੁਆ ਕਰਦਾ ਹੈ ਤਾਂ ਮੈਂ ਉਸ ਦੀ ਦੁਆ ਪਰਵਾਨ ਕਰਦਾ ਹਾਂ। ਸੋ, ਚਾਹੀਦਾ ਹੈ ਕਿ ਉਹ ਦੁਆ ਕਰਨ ਵਾਲੇ (ਵੀ) ਮੇਰੇ ਹੁਕਮ ਤੇ ਮੇਰੇ ਉੱਤੇ ਈਮਾਨ ਲਿਆਉਣ ਤਾਂ ਜੋ ਸੁਮਾਰਗ ਪ੍ਰਾਪਤ ਕਰ ਸਕਣ ''

ਰੱਬ ਨੇ ਇਹ ਆਇਤ ਰਮਜ਼ਾਨ ਦੇ ਆਦੇਸ਼ਾਂ ਦੇ ਨਾਲ ਰੱਖੀ ਹੈ, ਸਗੋਂ ਕਹਿ ਸਕਦੇ ਹਾਂ ਕਿ ਵਿੱਚਕਾਰ ਰੱਖੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਰਮਜ਼ਾਨ ਦਾ ਦੁਆਵਾਂ ਨਾਲ ਖ਼ਾਸ ਸੰਬੰਧ ਹੈ। ਰਮਜ਼ਾਨ ਵਿੱਚ ਰੱਬ ਦੀ ਆਪਣੇ ਬੰਦੀਆਂ ਉੱਤੇ ਇੱਕ ਖ਼ਾਸ ਪਿਆਰ ਦੀ ਨਜ਼ਰ ਹੁੰਦੀ ਹੈ। ਇੱਞ ਤਾਂ ਆਮ ਦਿਨਾਂ ਵਿੱਚ ਵੀ ਰੱਬ ਦੀ ਆਪਣੇ ਬੰਦੀਆਂ ਉੱਤੇ ਪਿਆਰ ਦੀ ਨਜ਼ਰ ਹੁੰਦੀ ਹੈ। ਆਂਹਜ਼ਰਤ ਸੱਲਲਾਹੂ ਅਲੈਹਿ ਵਸੱਲਮ ਫ਼ਰਮਾਉਂਦੇ ਹਨ ਕਿ ਰੱਬ ਫ਼ਰਮਾਉਂਦਾ ਹੈ ਕਿ ਮੈਂ ਆਪਣੇ ਬੰਦੀਆਂ ਦੇ ਖ਼ਿਆਲ ਅਨੁਸਾਰ ਉਸ ਨਾਲ ਸਲੂਕ ਕਰਦਾ ਹਾਂ। ਜਿਸ ਸਮੇਂ ਬੰਦਾ ਮੈਨੂੰ ਯਾਦ ਕਰਦਾ ਹੈ। ਮੈਂ ਉਸ ਸਮੇਂ ਉਸ ਦੇ ਨਾਲ ਹੁੰਦਾ ਹਾਂ। ਜੇਕਰ ਉਹ ਮੈਨੂੰ ਦਿਲ੍ਹ ਵਿੱਚ ਯਾਦ ਕਰੇ ਤਾਂ ਮੈਂ ਦਿਲ੍ਹ ਵਿੱਚ ਉਸ ਨੂੰ ਯਾਦ ਕਰਦਾ ਹਾਂ। ਜੇਕਰ ਉਹ ਮੇਰੇ ਵੱਲ੍ਹ ਚੱਲ ਕੇ ਆਏ ਤਾਂ ਮੈਂ ਉਸ ਵੱਲ੍ਹ ਦੌੜ੍ਹ ਕੇ ਜਾਵਾਂਗਾ। ਸੋ, ਰੱਬ ਤਾਂ ਆਮ ਹਾਲਾਤਾਂ ਵਿੱਚ ਵੀ ਬੰਦੇ ਨਾਲ ਅਜਿਹਾ ਸਲੂਕ ਫ਼ਰਮਾਉਂਦਾ ਹੈ ਤਾਂ ਰਮਜ਼ਾਨ ਵਿੱਚ ਰੱਬ ਕਿੰਨ੍ਹਾਂ ਕਿਰਪਾਲੂ ਹੋਵੇਗਾ। ਇਸ ਦਾ ਅਸੀਂ ਅਨੁਮਾਨ ਵੀ ਨਹੀਂ ਲਾ ਸਕਦੇ। ਪਰ ਸ਼ਰਤ ਇਹ ਹੈ ਕਿ ਇਹ ਸਾਰੀਆਂ ਗੱਲ੍ਹਾਂ ਦਿਲੋਂ ਹੋਣ।

ਆਂਹਜ਼ਰਤ ਸੱਲਲਾਹੂ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਰੱਬ ਬਹੁਤ ਗ਼ੈਰਤ ਵਾਲਾ, ਬਹੁਤ ਕਰਮ ਕਰਨ ਵਾਲਾ ਅਤੇ ਦਰਿਆ ਦਿਲ੍ਹ ਹੈ। ਜੱਦ ਬੰਦਾ ਆਪਣੇ ਦੋਵੇਂ ਹੱਥ ਉਸ ਵੱਲ੍ਹ ਚੁੱਕਦਾ ਹੈ ਤਾਂ ਉਹ ਉਸ ਨੂੰ ਖ਼ਾਲੀ ਅਤੇ ਅਸਫ਼ਲ ਵਾਪਸ ਕਰਦੇ ਹੋਏ ਸ਼ਰਮਾਉਂਦਾ ਹੈ। ਸੋ, ਅਸੀਂ ਕਈ ਵਾਰ ਜਲਦੀ ਵਿੱਚ ਕਹਿ ਛੱਡਦੇ ਹਨ ਕਿ ਅਸੀਂ ਦੁਆ

ਕੀਤੀ, ਪਰ ਦੁਆ ਕਬੂਲ ਨਹੀਂ ਹੋਈ। ਪਰ ਆਪਣੀ ਹਾਲਤ ਨੂੰ ਨਹੀਂ ਵੇਖਦੇ ਕਿ ਕਿੰਨ੍ਹੇਂ ਕੋ ਦਿਲ੍ਹ ਨਾਲ ਦੁਆ ਕੀਤੀ ਹੈ। ਰੱਬ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ। ਉਹ ਤਾਂ ਸਾਡੇ ਦਿਲ੍ਹ ਦਾ ਹਾਲ ਜਾਣਦਾ ਹੈ। ਰੱਬ ਦੇ ਖੁੱਲ੍ਹੇ ਬੂਹੇ ਵਿੱਚ ਦਾਖ਼ਲ ਹੋਣ ਲਈ ਉਸ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ। ਇਸ ਆਇਤ ਵਿੱਚ ਜੋ ਫ਼ਰਮਾਇਆ ਕਿ ‘ ਮੇਰੇ ਬੰਦੇ ’ ਤਾਂ ਇਸ ਦਾ ਅਰਥ ਇਹ ਹੈ ਕਿ ਉਹ ਬੰਦੇ ਜੋ ਹਕੀਕਤ ਵਿੱਚ ਰੱਬ ਦੇ ਅਬਦ (ਬੰਦੇ) ਬਣਨਾ ਚਾਹੁੰਦੇ ਹਨ। ਰਮਜ਼ਾਨ ਵਿੱਚ ਇਸ ਕੰਮ ਲਈ ਖ਼ਾਸ ਮਾਹੌਲ ਬਣਿਆ ਹੈ। ਜੱਦ ਇਸ ਮਾਹੌਲ ਤੋਂ ਲਾਭ ਚੁੱਕਦੇ ਹੋਏ ਅਜਿਹੀ ਹਾਲਤ ਹੋਵੇਗੀ ਤਾਂ ਰੱਬ ਫ਼ਰਮਾਉਂਦਾ ਹੈ ਕਿ ਮੇਰੇ ਅਜਿਹੇ ਬੰਦੀਆਂ ਅਤੇ ਮੇਰੇ ਨਾਲ ਇਸ਼ਕ ਕਰਨ ਵਾਲਿਆਂ ਨੂੰ ਕਹਿ ਦਿਓ ਕਿ ਮੈਂ ਦੁਆਵਾਂ ਸੁਣਦਾ ਹਾਂ ਅਤੇ ਉਹਨਾਂ ਦਾ ਉੱਤਰ ਵੀ ਦਿੰਦਾ ਹਾਂ। ਰੱਬ ਨੇ ਸਪਸ਼ੱਟ ਫ਼ਰਮਾਇਆ ਹੈ ਕਿ ਕੇਵਲ ਜ਼ੁਬਾਨੀ ਮੁਹਬੱਤ ਦੇ ਦਾਅਵੇ ਕਾਫ਼ੀ ਨਹੀਂ। ਸਗੋਂ ਤੁਹਾਨੂੰ ਮੇਰੇ ਆਦੇਸ਼ਾਂ ਅਨੁਸਾਰ ਤੁਰਨਾ ਪੈਣਾ। ਰੱਬ ਦੇ ਹੱਕ ਅਤੇ ਬੰਦੀਆਂ ਦੇ ਹੱਕ ਅਦਾ ਕਰਨੇ ਹੋਣਗੇ। ਇਮਾਨ ਵਿੱਚ ਮਜ਼ਬੂਤੀ ਪੈਦਾ ਕਰਨੀ ਹੋਵੇਗੀ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਦੁਆ ਦੀ ਹਕੀਕਤ, ਹਿਕਮਤ, ਕਬੂਲੀਅਤ ਅਤੇ ਫ਼ਲਾਸਫ਼ੀ ਬਹੁਤ ਵਿਸਥਾਰ ਨਾਲ ਬਿਆਨ ਫ਼ਰਮਾਈ ਹੈ। ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਰੱਬ ਦੀ ਹਸਤੀ ਉੱਤੇ ਦਲੀਲ ਕੀ ਹੈ ? ਤਾਂ ਇਸ ਦਾ ਉੱਤਰ ਇਹ ਹੈ ਕਿ ਮੈਂ ਬਹੁਤ ਨਜ਼ਦੀਕ ਹਾਂ। ਅਰਥਾਤ ਕਿਸੇ ਵੱਡੀ ਦਲੀਲ ਦੀ ਲੋੜ੍ਹ ਨਹੀਂ ਹੈ। ਮੇਰੀ ਹਸਤੀ ਬਹੁਤ ਆਸਾਨੀ ਨਾਲ ਸਮਝ ਆ ਸਕਦੀ ਹੈ ਅਤੇ ਬਹੁਤ ਆਸਾਨੀ ਨਾਲ ਮੇਰੀ ਹਸਤੀ ਉੱਤੇ ਦਲੀਲ ਪੈਦਾ ਹੁੰਦੀ ਹੈ ਅਤੇ ਉਹ ਦਲੀਲ ਇਹ ਹੈ ਕਿ ਜੱਦ ਕੋਈ ਦੁਆ ਕਰਨ ਵਾਲਾ ਮੈਨੂੰ ਪੁਕਾਰਦਾ ਹੈ ਤਾਂ ਮੈਂ ਉਸ ਦੀ ਪੁਕਾਰ ਨੂੰ ਸੁਣਦਾ ਹਾਂ। ਆਪ ਅਲੈਹਿ ਸਲਾਮ ਇੱਕ ਹੋਰ ਥਾਂ ਫ਼ਰਮਾਉਂਦੇ ਹਨ ਕਿ ਜੇਕਰ ਸਵਾਲ ਹੋਵੇ ਕਿ ਰੱਬ ਦਾ ਪਤਾ ਕਿਵੇਂ ਲੱਗੇ ਤਾਂ ਉੱਤਰ ਇਹ ਹੈ ਕਿ ਇਸਲਾਮ ਦਾ ਰੱਬ ਬਹੁਤ ਕਰੀਬ ਹੈ। ਜੇਕਰ ਕੋਈ ਉਸ ਨੂੰ ਸੱਚੇ ਦਿਲੋਂ ਸੱਦਦਾ ਹੈ ਤਾਂ ਉਹ ਉੱਤਰ ਦਿੰਦਾ ਹੈ। ਦੂਜੇ ਫ਼ਿਰਕੀਆਂ (ਅਰਥਾਤ ਧਰਮਾਂ) ਦੇ ਰੱਬ ਕਰੀਬ ਨਹੀਂ ਹਨ। ਸਗੋਂ ਇਸ ਕਦਰ ਦੂਰ ਹਨ ਕਿ ਉਹਨਾਂ ਦਾ ਪਤਾ ਹੀ ਨਹੀਂ। ਫ਼ਰਮਾਇਆ : ਜੇਕਰ ਇਹ ਕਹੋ ਕਿ ਅਸੀਂ ਪੁਕਾਰਦੇ ਹਾਂ, ਪਰ ਉੱਤਰ ਨਹੀਂ ਮਿਲਦਾ ਤਾਂ ਵੇਖੋ ! ਜੇਕਰ ਤੁਸੀਂ ਇੱਕ ਥਾਂ ਖੜ੍ਹੇ ਹੋ ਕੇ ਇੱਕ ਅਜਿਹੇ ਵਿਅਕਤੀ ਨੂੰ, ਜੋ ਤੁਹਾਡੇ ਤੋਂ ਬਹੁਤ ਦੂਰ ਹੈ, ਸੱਦਦੇ ਹੋ ਅਤੇ ਤੁਹਾਡੇ ਆਪਣੇ ਕੰਨਾਂ ਵਿੱਚ ਕੋਈ ਨੁਕਸ ਹੈ। ਰੱਬ ਉੱਤਰ ਦੇਵੇ ਤਾਂ ਕਿਉਂਕਿ ਤੁਹਾਡੇ ਇਮਾਨ ਵਿੱਚ ਮਜ਼ਬੂਤੀ ਨਹੀਂ ਹੈ। ਤੁਹਾਡੀ ਮੁਹਬੱਤ ਵਿੱਚ ਕਮੀ ਹੈ। ਉਸ ਦੀਆਂ ਗੱਲ੍ਹਾਂ ਉੱਤੇ ਅਮਲ ਨਹੀਂ ਕਰ ਰਹੇ। ਇਹ ਬੋਲ਼ਾਪਣ ਤੁਹਾਡੇ ਕੰਨਾਂ ਦਾ ਹੈ। ਜਿਸ ਕਰਕੇ ਤੁਸੀਂ ਉਸ ਦੀ ਆਵਾਜ਼ ਨੂੰ ਸੁਣ ਨਹੀਂ ਸਕਦੇ।

ਇੱਕ ਹੋਰ ਥਾਂ ਫ਼ਰਮਾਇਆ : ਦੁਆ ਰੱਬ ਦੀ ਹਸਤੀ ਦਾ ਬਹੁਤ ਵੱਡਾ ਪ੍ਰਮਾਣ ਹੈ। ਦੁਆ ਵੱਡੀ ਦੌਲਤ ਅਤੇ ਤਾਕਤ ਹੈ। ਨਬੀਆਂ ਦੇ ਜੀਵਨ ਦੀ ਜੜ੍ਹ ਅਤੇ ਉਹਨਾਂ ਦੀ ਕਾਮਯਾਬੀ ਦਾ ਜੜ੍ਹ ਅਤੇ ਸੱਚਾ ਸਾਧਨ ਇਹੀ ਦੁਆ ਹੈ ਇੱਕ ਹੋਰ ਥਾਂ ਫ਼ਰਮਾਇਆ : ਮੈਂ ਨਸੀਹਤ ਕਰਦਾ ਹਾਂ ਕਿ ਆਪਣੀ ਇਮਾਨੀ ਅਤੇ ਅਮਲੀ ਤਾਕਤ ਨੂੰ ਵਧਾਉਣ ਲਈ ਦੁਆ ਵਿੱਚ ਲਗੇ ਰਹੋ। ਦੁਆਵਾਂ ਰਾਹੀਂ ਅਜਿਹੀ ਤਬਦੀਲੀ ਹੋਵੇਗੀ ਕਿ ਅੰਤ ਚੰਗਾ ਹੋ ਜਾਵੇਗਾ।

ਦੁਆ ਦੀ ਮਆਰਫ਼ਤ ਦੀ ਹਕੀਕਤ ਸੰਬੰਧੀ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ :ਮਆਰਫ਼ਤ ਕਿਰਪਾ ਰਾਹੀਂ ਪ੍ਰਾਪਤ ਹੁੰਦੀ ਹੈ ਅਤੇ ਫ਼ਿਰ ਕਿਰਪਾ ਰਾਹੀਂ ਹੀ ਬਾਕੀ ਰਹਿੰਦੀ ਹੈ। ਕਿਰਪਾ ਮਆਰਫ਼ਤ ਨੂੰ ਬਹੁਤ ਸਾਫ਼ ਅਤੇ ਰੌਸ਼ਨ ਕਰ ਦਿੰਦੀ ਹੈ। ਇਹ ਖ਼ਿਆਲ ਨ ਕਰੋ ਕਿ ਅਸੀਂ ਪ੍ਰਤੀਦਿਨ ਦੁਆ ਕਰਦੇ ਹਾਂ ਅਤੇ ਸਾਰੀ ਨਮਾਜ਼ ਦੁਆ ਹੀ ਹੈ। ਕਿਉਂਕਿ ਉਹ ਦੁਆ ਜੋ ਮਆਰਫ਼ਤ ਦੇ ਬਾਦ ਅਤੇ ਕਿਰਪਾ ਰਾਹੀਂ ਪ੍ਰਾਪਤ ਹੁੰਦੀ ਹੈ। ਉਹ ਹੋਰ ਰੰਗ ਅਤੇ ਰੂਪ

ਰੱਖਦੀ ਹੈ। ਉਹ ਖ਼ਤਮ ਕਰਨ ਵਾਲੀ ਚੀਜ਼ ਹੈ, ਉਹ ਪੰਘਾਰਨ ਵਾਲੀ ਅੱਗ ਹੈ, ਉਹ ਮਿਹਰ ਨੂੰ ਖਿੱਚਣ ਵਾਲੀ ਇੱਕ ਚੁੰਬਕੀ ਖਿੱਚ ਹੈ। ਉਹ ਮੌਤ ਹੈ। ਪਰ ਅੰਤ ਨੂੰ ਜੀਵਨ ਦਿੰਦੀ ਹੈ। ਦੁਆ ਰੱਬ ਤੋਂ ਆਉਂਦੀ ਹੈ ਅਤੇ ਰੱਬ ਵੱਲ੍ਹ ਹੀ ਪਰਤ ਜਾਂਦੀ ਹੈ। ਦੁਆ ਤੋਂ ਰੱਬ ਅਜਿਹਾ ਨਜ਼ਦੀਕ ਹੋ ਜਾਂਦਾ ਹੈ। ਜਿਵੇਂ ਤੁਹਾਡੀ ਜਾਨ ਤੁਹਾਡੇ ਨਜ਼ਦੀਕ ਹੈ। ਇੱਕ ਹੋਰ ਥਾਂ ਫ਼ਰਮਾਇਆ : ਰੱਬ ਨੇ ਜੋ ਬੂਹਾ ਲੋਕ ਭਲਾਈ ਲਈ ਖੋਲ੍ਹਿਆ ਹੈ। ਉਹ ਇੱਕੋ ਹੈ ਅਰਥਾਤ ਦੁਆ। ਜੱਦ ਕੋਈ ਰੋ ਰੋ ਕੇ ਉਸ ਬੂਹੇ ਵਿੱਚ ਦਾਖ਼ਲ ਹੁੰਦਾ ਹੈ ਤਾਂ ਉਹ ਮੌਲਾ ਕਰੀਮ (ਰੱਬ) ਉਸ ਉੱਤੇ ਪਵਿਤੱਰਤਾ ਦੀ ਚਾਦਰ ਪਾਉਂਦਾ ਹੈ ਅਤੇ ਆਪਣੀ ਸ਼ਾਨੋ ਸ਼ੌਕਤ ਦਾ ਪ੍ਰਭਾਵ ਉਸ ਉੱਤੇ ਇੰਨ੍ਹਾਂ ਪਾਉਂਦਾ ਹੈ ਕਿ ਅਯੋਗ ਕੰਮਾਂ ਅਤੇ ਨਿਅਰਥ ਹਰਕਤਾਂ ਤੋਂ ਉਹ ਬਹੁਤ ਦੂਰ ਭੱਜਦਾ ਹੈ।

ਹਜ਼ੂਰੇ ਅਨਵਰ ਨੇ ਇੱਕ ਹੋਰ ਥਾਂ ਫ਼ਰਮਾਇਆ : ਅਰਥਾਤ ਉਹ ਵਿਅਕਤੀ ਕੇਵਲ ਸੰਸਾਰਿਕ ਗੱਲ੍ਹਾਂ ਲਈ ਦੁਆ ਨਹੀਂ ਕਰਦਾ। ਸਗੋਂ ਸੰਜਮਤਾ ਅਤੇ ਪਵਿਤੱਰਤਾ ਦੀ ਪ੍ਰਾਪਤੀ ਲਈ ਦੁਆ ਕਰਦਾ ਹੈ ਅਤੇ ਇਹੀ ਇੱਕ ਮੋਮਿਨ ਦੀ ਨਿਸ਼ਾਨੀ ਹੈ।

ਫ਼ਿਰ ਦੁਆ ਸੰਬੰਧੀ ਆਪ ਅਲੈਹਿ ਸਲਾਮ ਇੱਕ ਹੋਰ ਥਾਂ ਫ਼ਰਮਾਉਂਦੇ ਹਨ ਕਿ ਮਿਹਰ ਦੀ ਪ੍ਰਾਪਤੀ ਦਾ ਆਸਾਨ ਤਰੀਕ ਦੁਆ ਹੈ ਅਤੇ ਸੰਪੂਰਨ ਦੁਆ ਦੇ ਤੱਤ ਇਹ ਹਨ ਕਿ ਉਸ ਵਿੱਚ ਨਰਮੀ ਹੋਵੇ, ਬੇਚੈਨੀ ਹੋਵੇ, ਪੰਘਾਰਨ ਵਾਲੀ ਹੋਵੇ। ਜੋ ਦੁਅ ਨਿਮਰਤਾ, ਬੇਚੈਨੀ ਅਤੇ ਟੁੱਟੇ ਦਿਲ੍ਹ ਨਾਲ ਭਰੇ ਹੋਈ ਹੋਵੇ। ਉਹ ਰੱਬ ਦੀ ਕਿਰਪਾ ਨੂੰ ਖਿੱਚ ਲਿਆਉਂਦੀ ਹੈ।

ਇੱਕ ਹੋਰ ਥਾਂ ਫ਼ਰਮਾਇਆ : ਇਹ ਵੀ ਰੱਬ ਦੀ ਕਿਰਪਾ ਤੋਂ ਬਿਨਾਂ ਪ੍ਰਾਪਤ ਨਹੀਂ ਹੋ ਸਕਦੀ। ਇਸ ਦਾ ਐਲਾਜ ਇਹੋ ਹੈ ਕਿ ਦੁਆ ਕਰਦਾ ਰਹੇ। ਭਾਵੇਂ ਕਿਹੋ ਜਿਹੀ ਹੀ ਉਦਾਸੀ ਹੋਵੇ ਅਤੇ ਮੰਨ ਉਚਾਟ ਹੋ ਜਾਵੇ।

ਇੱਕ ਹੋਰ ਥਾਂ ਫ਼ਰਮਾਇਆ : ਜੋ ਰਾਤ ਨੂੰ ਉੱਠਦਾ ਹੈ। ਭਾਵੇਂ ਮੰਨ ਕਿੰਨ੍ਹਾਂ ਹੀ ਉਚਾਟ ਹੋਵੇ ਅਤੇ ਕਾਹਲੀ ਕਰੇ ਪਰ ਜੇਕਰ ਉਹ ਇਸ ਹਾਲਤ ਵਿੱਚ ਵੀ ਦੁਆ ਕਰਦਾ ਹੈ ਕਿ ਹੇ ਮੇਰੇ ਰੱਬ ! ਦਿਲ੍ਹ ਤੇਰੇ ਹੀ ਕਬਜ਼ੇ ਵਿੱਚ ਹੈ, ਤੂੰ ਉਸ ਨੂੰ ਸਾਫ਼ ਕਰਦੇ...। ਉਹ ਵੇਖੇਗਾ ਕਿ ਉਸੇ ਸਮੇਂ ਰੂਹ ਰੱਬ ਅੱਗੇ ਪਾਣੀ ਵਾਂਗ ਵਗਦੀ ਹੈ।

ਇੱਕ ਹੋਰ ਥਾਂ ਫ਼ਰਮਾਇਆ : ਦੁਆ ਇੱਕ ਅਜਿਹੀ ਚੀਜ਼ ਹੈ, ਜੋ ਹਰ ਮੁਸ਼ਕਿਲ ਨੂੰ ਆਸਾਨ ਕਰ ਦਿੰਦੀ ਹੈ। ਲੋਕਾਂ ਨੂੰ ਦੁਆ ਦੀ ਕਦਰੋ ਕੀਮਤ ਪਤਾ ਨਹੀਂ। ਉਹ ਬਹੁਤ ਜਲਦੀ ਉਦਾਸ ਹੋ ਜਾਂਦੇ ਹਨ ਅਤੇ ਹਿੰਮਤ ਹਾਰ ਜਾਂਦੇ ਹਨ। ਜੱਦ ਕਿ ਦੁਆ ਨਿਰੰਤਰਤਾ ਨੂੰ ਚਾਹੁੰਦੀ ਹੈ। ਉਸ ਲਈ ਸ਼ਰਧਾ ਅਤੇ ਕੋਸ਼ਿਸ਼ ਸ਼ਰਤ ਹੈ। ਜੋ ਦੁਆ ਤੋਂ ਪੈਦਾ ਹੁੰਦੀ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਸ ਲਈ ਸਾਨੂੰ ਆਪਣੇ ਦਿਲ੍ਹ ਟਟੋਲਣ ਦੀ ਲੋੜ੍ਹ ਹੈ ਕਿ ਕੀ ਇਹ ਸ਼ਰਧਾ ਅਤੇ ਕੋਸ਼ਿਸ਼ ਦੀ ਹਾਲਤ ਸਾਡੇ ਵਿੱਚ ਪੈਦਾ ਹੋ ਗਈ ਹੈ ਜਾਂ ਅਸੀਂ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ? ਫ਼ਿਰ ਦੁਆ ਦੀ ਫ਼ਲਾਸਫ਼ੀ ਬਿਆਨ ਕਰਦੇ ਹੋਏ ਹਜ਼ੂਰ ਅਲੈਹਿ ਸਲਾਮ ਫ਼ਰਮਾਉਂਦੇ ਹਨ : ਮਨੁੱਖ ਨੂੰ ਚਾਹੀਦਾ ਹੈ ਕਿ ਇਸ ਜ਼ਿੰਦਗੀ ਨੂੰ ਅਯੋਗ ਖ਼ਿਆਲ ਕਰਕੇ ਉਸ ਤੋਂ ਨਿਕਲਣ ਦੀ ਕੋਸ਼ਿਸ਼ ਕਰੇ ਅਤੇ ਦੁਆ ਨਾਲ ਕੰਮ ਲਏ। ਜੱਦ ਉਹ ਯੋਜਨਾ ਦਾ ਹੱਕ ਅਦਾ ਕਰਦਾ ਹੈ ਅਤੇ ਫ਼ਿਰ ਸੱਚੀ ਦੁਆਵਾਂ ਨਾਲ ਕੰਮ ਲੈਂਦਾ ਹੈ ਤਾਂ ਅੰਤ ਰੱਬ ਉਸ ਨੂੰ ਮੁਕਤੀ ਦਿੰਦਾ ਹੈ ਅਤੇ ਉਹ ਪਾਪ ਦੀ ਜ਼ਿੰਦਗੀ ਵਿੱਚੋਂ ਨਿਕਲਦਾ ਹੈ। ਦੁਆ ਵੀ ਕੋਈ ਮਾਮੂਲੀ ਚੀਜ਼ ਨਹੀਂ ਹੈ। ਸਗੋਂ ਉਹ ਵੀ ਇੱਕ

ਮੌਤ ਹੀ ਹੈ। ਜੱਦ ਇਸ ਮੌਤ ਨੂੰ ਮਨੁੱਖ ਕਬੂਲ ਕਰ ਲੈਂਦਾ ਹੈ ਤਾਂ ਰੱਬ ਉਸ ਨੂੰ ਮੁਜਰਿਮਾਂ ਵਾਲੀ ਜ਼ਿੰਦਗੀ ਵਿੱਚੋਂ ਜੋ ਮੌਤ ਦਾ ਕਾਰਨ ਹੈ, ਬਚਾ ਲੈਂਦਾ ਹੈ ਅਤੇ ਉਸ ਨੂੰ ਇੱਕ ਪਾਕ ਜ਼ਿੰਦਗੀ ਬਖ਼ਸ਼ਦਾ ਹੈ।

ਇੱਕ ਹੋਰ ਥਾਂ ਫ਼ਰਮਾਇਆ : ਸੋ, ਚਾਹੀਦਾ ਹੈ ਕਿ ਰਾਤਾਂ ਨੂੰ ਉੱਠ ਕੇ ਬਹੁਤ ਮਿੰਨਤ ਸਮਾਜਤ ਨਾਲ ਰੱਬ ਦੇ ਹਜ਼ੂਰ ਆਪਣੀ ਮੁਸ਼ਕਿਲਾਂ ਨੂੰ ਪੇਸ਼ ਕਰੋ ਅਤੇ ਇਸ ਦੁਆ ਨੂੰ ਇਸ ਹੱਦ ਤੱਕ ਪਹੁੰਚਾਓ ਕਿ ਇੱਕ ਮੌਤ ਵਰਗੀ ਸ਼ਕਲ ਬਣ ਜਾਵੇ। ਉਸ ਸਮੇਂ ਦੁਆ ਕਬੂਲੀਅਤ ਦੇ ਦਰਜੇ ਨੂੰ ਪਹੁੰਚਦੀ ਹੈ।

ਇੱਕ ਹੋਰ ਥਾਂ ਫ਼ਰਮਾਇਆ : ਇਹ ਵੀ ਯਾਦ ਰੱਖੋ ਕਿ ਸਭ ਤੋਂ ਪਹਿਲੀ ਅਤੇ ਮਹਤੱਵਪੂਰਨ ਗੱਲ੍ਹ ਇਹ ਹੈ ਕਿ ਮਨੁੱਖ ਆਪਣੇ ਆਪ ਨੂੰ ਪਾਪਾਂ ਤੋਂ ਪਾਕ ਸਾਫ਼ ਕਰਨ ਦੀ ਦੁਆ ਕਰੇ। ਸਾਰੀ ਦੁਆਵਾਂ ਦਾ ਅਸਲ ਇਹੀ ਹੈ। ਜੱਦ ਦੁਆ ਕਬੂਲ ਹੋ ਜਾਵੇ ਅਤੇ ਮਨੁੱਖ ਹਰ ਕਿਸਮ ਦੀ ਗੰਦਗੀ ਤੋਂ ਪਾਕ ਸਾਫ਼ ਹੋ ਕੇ ਰੱਬ ਦੀ ਨਜ਼ਰ ਵਿੱਚ ਪਾਕ ਹੋ ਜਾਵੇਗਾ ਤਾਂ ਫ਼ਿਰ ਦੂਜੀ ਦੁਆਵਾਂ ਜੋ ਉਸ ਦੀਆਂ ਲੋੜ੍ਹਾਂ ਸੰਬੰਧੀ ਹੁੰਦੀਆਂ ਹਨ। ਉਹ ਉਸ ਨੂੰ ਕਰਨੀ ਵੀ ਨਹੀਂ ਪੈਂਦੀ ਅਤੇ ਉਹ ਆਪਣੇ ਆਪ ਪੂਰੀ ਹੋ ਜਾਂਦੀਆਂ ਹਨ।

ਦੁਆ ਦੀ ਕਬੂਲੀਅਤ ਲਈ ਕੀ ਹਾਲਤ ਹੋਣੀ ਚਾਹੀਦੀ ਹੈ। ਇਸ ਸੰਬੰਧੀ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਦੁਆ ਦੇ ਅੰਦਰ ਕਬੂਲੀਅਤ ਦਾ ਅਸਰ ਉਸ ਸਮੇਂ ਪੈਦਾ ਹੁੰਦਾ ਹੈ। ਜੱਦ ਉਹ ਅਥਾਹ ਦਰਜੇ ਦੀ ਬੇਚੈਨ ਤੱਕ ਪਹੁੰਚ ਜਾਂਦੀ ਹੈ। ਇਹ ਨਿੱਕੀ ਜਿਹੀ ਗੱਲ੍ਹ ਨਹੀਂ ਹੈ। ਸਗੋਂ ਵੱਡਮੁਲ੍ਹੀ ਹਕੀਕਤ ਹੈ। ਸਗੋਂ ਸੱਚ ਤਾਂ ਇਹ ਹੈ ਕਿ ਜਿਸ ਨੂੰ ਖ਼ੁਦਾਈ ਦਾ ਜਲਵਾ ਵੇਖਣਾ ਹੋਵੇ। ਉਸ ਨੂੰ ਚਾਹੀਦਾ ਹੈ ਕਿ ਦੁਆ ਕਰੇ।

ਨਿਰੰਤਰ ਦੁਆ ਕਰਦੇ ਰਹਿਣ ਸੰਬੰਧੀ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਦੁਆ ਕਰਦੇ ਸਮੇਂ ਉਚਾਟ ਮੰਨ ਅਤੇ ਬੇਚੈਨੀ ਨਾਲ ਕੰਮ ਨਹੀਂ ਲੈਣਾ ਚਾਹੀਦਾ ਅਤੇ ਜਲਦੀ ਨਾਲ ਥੱਕ ਕੇ ਨਹੀਂ ਬਹਿਣਾ ਚਾਹੀਦਾ। ਸਗੋਂ ਉਸ ਸਮੇਂ ਤੱਕ ਹੱਟਨਾ ਨਹੀਂ ਚਾਹੀਦਾ। ਜੱਦ ਤੱਕ ਦੁਆ ਆਪਣਾ ਪੂਰਾ ਪ੍ਰਭਾਵ ਨ ਵਿਖਾਏ। ਜੋ ਲੋਕ ਥੱਕ ਜਾਂਦੇ ਹਨ ਅਤੇ ਘਬਰਾ ਜਾਂਦੇ ਹਨ। ਉਹ ਗ਼ਲਤੀ ਕਰਦੇ ਹਨ ਕਿਉਂਕਿ ਇਹ ਮਹਿਰੂਮ ਰਹਿਣ ਦੀ ਨਿਸ਼ਾਨੀ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਸਾਨੂੰ ਇਹਨਾਂ ਦਿਨਾਂ ਵਿੱਚ ਜੱਦ ਕਿ ਰੱਬ ਨੇ ਖ਼ਾਸ ਤੌਰ ਉੱਤੇ ਇਹ ਬਰਕਤ ਦਾ ਮਹੀਨਾ ਸਾਨੂੰ ਦਿੱਤਾ ਹੈ। ਆਪਣੇ ਅੰਦਰ ਪਾਕ ਤਬਦੀਲੀਆਂ ਪੈਦਾ ਕਰਦੇ ਹੋਏ ਦੁਆਵਾਂ ਵੱਲ੍ਹ ਧਿਆਨ ਦੇਣਾ ਚਾਹੀਦਾ ਹੈ। ਇਹੋ ਸਾਡੀ ਦੁਨੀਆ ਅਤੇ ਅੰਤ ਸੰਵਾਰਨ ਦਾ ਸਾਧਨ ਹੈ। ਰਮਜ਼ਾਨ ਦਾ ਅੰਤਿਮ ਅਸ਼ਰਾਹ ਹੈ। ਇਸ ਵਿੱਚ ਖ਼ਾਸ ਤੌਰ ਉੱਤੇ ਸਾਨੂੰ ਰੱਬ ਦੇ ਆਦੇਸ਼ਾਂ ਅਨੁਸਾਰ ਆਪਣਾ ਪ੍ਰੋਗਰਾਮ ਬਣਾਉਂਦੇ ਹੋਏ, ਇਮਾਨ ਵਿੱਚ ਮਜ਼ਬੂਤ ਹੁੰਦੇ ਹੋਏ, ਰਾਤਾਂ ਨੂੰ ਉੱਠ ਕੇ ਉਸ ਦੇ ਹਜ਼ੂਰ ਝੁੱਕਦੇ ਹੋਏ, ਉਸ ਦੀ ਨੇੜ੍ਹਤਾ ਪਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ

ਖ਼ੁਤਬਾ ਜੁਮਾਅ ਦੇ ਅੰਤ ਉੱਤੇ ਹਜ਼ੂਰੇ ਅਨਵਰ ਨੇ ਰਮਜ਼ਾਨ ਦੇ ਹਵਾਲੇ ਨਾਲ ਦੁਆਵਾਂ ਦੀ ਤਹਰੀਕ ਕਰਦੇ ਹੋਏ, ਜਮਾਅਤੀ ਤਰੱਕੀ, ਰੱਬ ਦੀ ਰਾਹ ਵਿੱਚ ਕੈਦ ਹੋਣ ਵਾਲੇ ਯਮਨ ਦੇ ਅਹਮਦੀਆਂ ਅਤੇ ਮਿਡਲ ਈਸਟ ਦੇ ਮਜ਼ਲੂਮਾਂ ਲਈ ਦੁਆ ਦੀ ਤਹਰੀਕ ਕੀਤੀ।

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّاٰتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔